# PC–3161/MK

**P–2/2050**

ਆਧੁਨਿਕ ਪੰਜਾਬੀ ਵਾਰਤਕ–IV

Opt. (i)

(Semester–IV)

(Regular, Private & Distance Education)

Time : Two Hours] [ Maximum Marks : Regular : 60, Private : 80

**ਨੋਟ** : ਕੋਈ *ਚਾਰ* ਪ੍ਰਸ਼ਨ ਕਰੋ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

I. ਇਕ ਆਦਰਸ਼ਕ ਜੀਵਨ-ਕਥਾ ਦੇ ਤੁਸੀਂ ਕਿਹੜੇ-ਕਿਹੜੇ ਮਹੱਤਵਪੂਰਣ ਤੱਤ ਮੰਨਦੇ ਹੋ ਤੇ ਕਿਉਂ? ਵਿਚਾਰ ਕਰੋ।

II. "ਸਫ਼ਰ ਨਾਲ ਸਾਡੇ ਪੱਖਪਾਤ ਘਟਦੇ ਹਨ, ਅਨੇਕ ਪ੍ਰਕਾਰ ਦੇ ਭਰਮ ਭੁਲੇਖੇ ਦੂਰ ਹੁੰਦੇ ਹਨ, ਸੰਕੀਰਣਤਾ ਘਟਦੀ ਹੈ, ਵਿਸ਼ਾਲਤਾ ਆਉਂਦੀ ਹੈ।" ਸਫ਼ਰਨਾਮੇ ਦੇ ਪ੍ਰਸੰਗ ਵਿੱਚ ਇਸ ਕਥਨ ਦਾ ਖੰਡਨ ਜਾਂ ਮੰਡਨ ਉਦਾਹਰਣ ਸਹਿਤ ਕਰੋ।

III. "ਮੈਂ ਖਿਆਲ ਕਰਦਾ ਹਾਂ ਕਿ ਅਜ ਕਲ੍ਹ ਦੇ ਵਿਦਿਆਰਥੀ ਮੇਰੀਆਂ ਔਕੜਾਂ ਤੇ ਮੁਸ਼ਕਲਾਂ ਦਾ ਵਰਣਨ ਪੜ੍ਹ ਕੇ ਉਤਸਾਹਿਤ ਹੋਣਗੇ ਅਤੇ ਆਪਣੇ ਜੀਵਨ ਦੇ ਘੋਲ ਵਿੱਚ ਕਾਮਯਾਬ ਹੋਣਗੇ।" ਕੀ 'ਆਪ ਬੀਤੀ' ਵਿੱਚ ਅਜੇਹੀ ਪ੍ਰੇਰਨਾ ਹੈ?

IV. 'ਆਪ ਬੀਤੀ' ਵਿੱਚ ਮਹਿੰਦਰ ਸਿੰਘ ਰੰਧਾਵਾ ਦੀ ਸ਼ਖ਼ਸੀਅਤ ਦੇ ਕਈ ਪੱਖ ਉੱਘੜ ਕੇ ਸਾਹਮਣੇ ਆਏ ਹਨ। ਤੁਹਾਨੂੰ ਉਨ੍ਹਾਂ ਵਿੱਚੋਂ ਕਿਹੜਾ ਪੱਖ ਚੰਗਾ ਲੱਗਦਾ ਹੈ ਅਤੇ ਕਿਉਂ? ਸਪਸ਼ਟ ਕਰੋ।

V. 'ਹੁਸੀਨ ਚਿਹਰੇ' ਪੁਸਤਕ ਵਿੱਚੋਂ ਆਪਣੀ ਪਸੰਦ ਦੇ ਕਿਸੇ ਇਕ ਲੇਖਕ ਦੇ ਰੇਖਾ-ਚਿੱਤਰ ਦਾ ਸਰਬਾਂਗੀ ਅਧਿਐਨ ਪੇਸ਼ ਕਰੋ।

VI. 'ਹੁਸੀਨ ਚਿਹਰੇ' ਦੇ ਆਧਾਰ ਉਪਰ ਬਲਵੰਤ ਗਾਰਗੀ ਦੇ ਭਾਸ਼ਾ-ਪ੍ਰਯੋਗ ਉਪਰ ਇਕ ਆਲੋਚਨਾਤਮਕ ਨਿਬੰਧ ਲਿਖੋ।

VII. "ਮੇਰੀ ਲਿਖਤ ਨਾਵਾਂ ਧਾਵਾਂ ਤੇ ਇਮਾਰਤਾਂ ਦੇ ਦਰਸ਼ਨਾਂ ਦਾ ਵੇਰਵਾ ਦੇਣ ਵਾਲੀ ਕੋਈ ਪਰੰਪਰਿਕ ਲਿਖਤ ਨਹੀਂ, ਇਹ ਤਾਂ ਮਨਾਂ ਤੋਂ ਮਨਾਂ ਤਕ ਦੀ ਯਾਤਰਾ ਦਾ ਤਰਲ ਬਿਰਤਾਂਤ ਹੈ।" 'ਵਗਦੀ ਏ ਰਾਵੀ' ਨੂੰ ਆਧਾਰ ਬਣਾਉਂਦਿਆਂ ਟਿੱਪਣੀ ਕਰੋ।

VIII. ਸਫ਼ਰਨਾਮੇ ਦੇ ਸਿਧਾਂਤਾਂ ਨੂੰ ਮੁੱਖ ਰੱਖਦਿਆਂ 'ਵਗਦੀ ਏ ਰਾਵੀ' ਦੀ ਪਰਖ ਕਰੋ।

IX. ਕੀ ਨਰਿੰਦਰ ਸਿੰਘ ਕਪੂਰ ਨੂੰ ਇਕ ਸਫ਼ਲ ਨਿਬੰਧਕਾਰ ਮੰਨਿਆ ਜਾ ਸਕਦਾ ਹੈ? ਹੱਕ ਜਾਂ ਵਿਰੋਧ ਵਿੱਚ ਦਲੀਲਾਂ ਦਿਓ। ਉਦਾਹਰਣਾਂ 'ਡੂੰਘੀਆਂ ਸਿਖਰਾਂ' ਵਿੱਚੋਂ ਦਿਓ।

X. ਸੇਵਾ ਸਹਿਯੋਗ ਅਤੇ ਸਹਾਇਤਾ ਖੁਸ਼ਹਾਲੀ ਦੇ ਸੰਦੇਸ਼ ਹਨ। ਕਿਵੇਂ? 'ਡੂੰਘੀਆਂ ਸਿਖਰਾਂ' ਨੂੰ ਆਧਾਰ ਬਣਾ ਕੇ ਉੱਤਰ ਦਿਓ।

XI. ਹਰੇਕ ਪ੍ਰਸ਼ਨ ਦਾ ਉੱਤਰ 5-6 ਸਤਰਾਂ ਤੋਂ ਵੱਧ ਨ ਹੋਵੇ :

(i) "ਉਹ ਵਾਰਤਕ ਜਿਸ ਵਿੱਚ ਕਲਪਨਾ ਅਤੇ ਸਿਰਜਨਾਤਮਕਤਾ ਹੁੰਦੀ ਹੈ, ਉਹ ਸਾਹਿਤਕ ਹੈ।" ਟਿੱਪਣੀ ਕਰੋ।

(ii) "ਅੱਜ ਦੀ ਪੰਜਾਬੀ ਨਾਵਲ ਦੇ ਪਾਠਕਾਂ ਦਾ ਘੇਰਾ ਬਹੁਤ ਸੀਮਿਤ ਹੈ।" ਕੀ ਇਹ ਧਾਰਣਾ ਸਹੀ ਹੈ?

(iii) ਜੀਵਨੀ ਤੇ ਰੇਖਾ-ਚਿੱਤਰ ਵਿਚਕਾਰ ਅੰਤਰ ਕਰੋ।

(iv) ਜੀਵਨੀ ਲੇਖਣ ਅਤੇ ਨਿਰਪੱਖਤਾ।

(v) **ਚਾਰ** ਅਨੁਵਾਦਿਤ ਜੀਵਨੀਆਂ ਅਤੇ ਉਨ੍ਹਾਂ ਦੇ ਲੇਖਕਾਂ ਦੇ ਨਾਂ ਲਿਖੋ।

(vi) ਸਫ਼ਰਨਾਮੇ ਦੇ **ਚਾਰ** ਪ੍ਰਮੁੱਖ ਤੱਤ ਬਿਆਨ ਕਰੋ।

(vii) 'ਹਰੇਕ ਸਫ਼ਰਨਾਮੇ ਦਾ ਕੋਈ ਨ ਕੋਈ ਉਦੇਸ਼ ਹੁੰਦਾ ਹੈ।' ਤੁਹਾਡੇ ਖਿਆਲ ਵਿੱਚ ਉਹ ਉਦੇਸ਼ ਕਿਹੜਾ ਹੈ?

(viii) 'ਆਪ ਬੀਤੀ' ਦੇ ਕੁਲ ਕਿੰਨੇ ਅਧਿਆਇ ਹਨ? **ਚਾਰ** ਦੇ ਨਾਂ ਲਿਖੋ।

(ix) ਮਹਿੰਦਰ ਸਿੰਘ ਰੰਧਾਵਾ ਨੇ ਪੋਸਟ ਗ੍ਰੈਜੂਏਸ਼ਨ ਕਿਸ ਵਿਸ਼ੇ ਵਿੱਚ ਕੀਤੀ?

(x) 'ਹੁਸੀਨ ਚਿਹਰੇ' ਤੋਂ ਬਿਨਾਂ ਬਲਵੰਤ ਗਾਰਗੀ ਦੀਆਂ **ਚਾਰ** ਹੋਰ ਪੁਸਤਕਾਂ ਦੇ ਨਾਂ ਲਿਖੋ।

(xi) 'ਵਗਦੀ ਏ ਰਾਵੀ' ਵਿਚ ਕਿੰਨੇ ਦਿਨਾਂ ਦੀ ਯਾਤਰਾ ਦਾ ਬਿਰਤਾਂਤ ਹੈ ਅਤੇ ਲੇਖਕ ਨੇ ਇਹ ਯਾਤਰਾ ਕਦੋਂ ਅਤੇ ਕਿਹੜੇ ਮੁਲਕ ਦੀ ਕੀਤੀ?

(xii) ਨਰਿੰਦਰ ਸਿੰਘ ਕਪੂਰ ਦੀਆਂ **ਚਾਰ** ਵਾਰਤਕ ਪੁਸਤਕਾਂ ਦੇ ਨਾਂ ਲਿਖੋ।

---